# ਪ੍ਰਧਾਨ ਮੰਤਰੀ ਦੀ ਮਿਸਰ ਦੇ ਰਾਸ਼ਟਰਪਤੀ ਨਾਲ ਮੁਲਾਕਾਤ

25 ਜੂਨ, 2023

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦਾ ਅਰਬ ਗਣਰਾਜ ਮਿਸਰ ਦੇ ਰਾਸ਼ਟਰਪਤੀ ਮਾਣਯੋਗ ਮਿਸਟਰ ਅਬਦੇਲ ਫਤਾਹ ਅਲ-ਸੀਸੀ ਦੁਆਰਾ 25 ਜੂਨ 2023 ਨੂੰ ਅਲ-ਇਤਿਹਾਦੀਆ ਪੈਲੇਸ ਵਿਖੇ ਸੁਆਗਤ ਕੀਤਾ ਗਿਆ।

2. ਦੋਵਾਂ ਨੇਤਾਵਾਂ ਨੇ ਜਨਵਰੀ 2023 ਵਿੱਚ ਗਣਤੰਤਰ ਦਿਵਸ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਰਾਸ਼ਟਰਪਤੀ ਸਿਸੀ ਦੀ ਸਰਕਾਰੀ ਫੇਰੀ ਨੂੰ ਗਰਮਜੋਸ਼ੀ ਨਾਲ ਯਾਦ ਕਰਦੀਆਂ ਇਸ ਨਾਲ ਦੁਵੱਲੇ ਸਬੰਧਾਂ ਵਿੱਚ ਆਈ ਗਤੀ ਦਾ ਸੁਆਗਤ ਕੀਤਾ। ਉਹ ਇਸ ਗੱਲ 'ਤੇ ਸਹਿਮਤ ਹੋਏ ਕਿ ਦੁਵੱਲੇ ਸਹਿਯੋਗ ਨੂੰ ਚਲਾਉਣ ਲਈ ਮਿਸਰ ਦੀ ਕੈਬਨਿਟ ਵਿੱਚ ਨਵੀਂ ਸਥਾਪਿਤ ਕੀਤੀ 'ਭਾਰਤ ਇਕਾਈ' ਇੱਕ ਉਪਯੋਗੀ ਸਾਧਨ ਹੈ।

3. ਨੇਤਾਵਾਂ ਨੇ ਇਸ ਚਰਚਾ ਵਿੱਚ ਸਾਂਝੇਦਾਰੀ ਨੂੰ ਹੋਰ ਡੂੰਘਾ ਕਰਨ ਦੇ ਤਰੀਕਿਆਂ 'ਤੇ ਗੱਲਬਾਤ ਕੀਤੀ ਜਿਸ ਵਿੱਚ ਖਾਸ ਤੌਰ 'ਤੇ ਵਪਾਰ ਅਤੇ ਨਿਵੇਸ਼, ਸੂਚਨਾ ਤਕਨਾਲੋਜੀ, ਰੱਖਿਆ ਅਤੇ ਸੁਰੱਖਿਆ, ਨਵਿਆਉਣਯੋਗ ਊਰਜਾ, ਖੇਤੀਬਾੜੀ, ਸਿਹਤ, ਸੱਭਿਆਚਾਰ ਅਤੇ ਲੋਕਾਂ ਨਾਲ ਲੋਕਾਂ ਦੇ ਸਬੰਧਾਂ ਵਰਗੇ ਖੇਤਰਾਂ ਸ਼ਾਮਿਲ ਸਨ।

4. ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਸਿਸੀ ਨੇ ਜੀ-20 ਵਿੱਚ ਅੱਗੇ ਦੇ ਸਹਿਯੋਗ ’ਤੇ ਵੀ ਚਰਚਾ ਕੀਤੀ, ਜਿਸ ਵਿੱਚ ਭੋਜਨ ਅਤੇ ਊਰਜਾ ਅਸੁਰੱਖਿਆ, ਜਲਵਾਯੂ ਪਰਿਵਰਤਨ ਅਤੇ ਗਲੋਬਲ ਸਾਊਥ ਲਈ ਇੱਕ ਠੋਸ ਆਵਾਜ਼ ਉਠਾਉਣ ਵਰਗੇ ਜਰੂਰੀ ਮੁੱਦਿਆਂ ਨੂੰ ਉਜਾਗਰ ਕੀਤਾ ਗਿਆ। ਪ੍ਰਧਾਨ ਮੰਤਰੀ ਜੀ-20 ਨੇਤਾਵਾਂ ਦੇ ਸੰਮੇਲਨ ਲਈ ਸਤੰਬਰ 2023 ਵਿੱਚ ਨਵੀਂ ਦਿੱਲੀ ਵਿੱਚ ਰਾਸ਼ਟਰਪਤੀ ਸਿਸੀ ਦਾ ਸੁਆਗਤ ਕਰਨ ਲਈ ਉਤਸੁਕ ਸਨ।

5. ਦੋਵਾਂ ਨੇਤਾਵਾਂ ਦੁਆਰਾ ਦੁਵੱਲੇ ਸਬੰਧਾਂ ਨੂੰ ‘ਰਣਨੀਤਕ ਸਾਂਝੇਦਾਰੀ’ ਤੱਕ ਉੱਚਾ ਚੁੱਕਣ ਲਈ ਸਮਝੌਤੇ 'ਤੇ ਹਸਤਾਖਰ ਕੀਤੇ ਗਏ। ਇਸ ਤੋਂ ਇਲਾਵਾ ਖੇਤੀਬਾੜੀ, ਪੁਰਾਤੱਤਵ ਅਤੇ ਪ੍ਰਾਚੀਨ ਵਸਤਾਂ ਸਮੇਤ ਪ੍ਰਤੀਯੋਗਤਾ ਕਾਨੂੰਨ ਦੇ ਖੇਤਰਾਂ ਵਿੱਚ ਤਿੰਨ ਸਮਝੌਤਿਆਂ 'ਤੇ ਵੀ ਹਸਤਾਖਰ ਕੀਤੇ ਗਏ।

6. ਇਸ ਮੌਕੇ ਮਿਸਰ ਦੇ ਪ੍ਰਧਾਨ ਮੰਤਰੀ ਮਾਣਯੋਗ ਮਿਸਟਰ ਮੁਸਤਫਾ ਮਦਬੋਲੀ ਸਮੇਤ ਕਈ ਹੋਰ ਸੀਨੀਅਰ ਕੈਬਨਿਟ ਮੰਤਰੀ ਵੀ ਹਾਜਰ ਸਨ ਜਦਕਿ ਭਾਰਤੀ ਪੱਖ ਤੋਂ ਮੌਜੂਦ ਰਹਿਣ ਵਾਲਿਆਂ ਵਿੱਚ, ਵਿਦੇਸ਼ ਮੰਤਰੀ, ਐਨਐਸਏ ਅਤੇ ਸੀਨੀਅਰ ਅਧਿਕਾਰੀ ਸਨ।

**ਕਾਹਿਰਾ**

**25 ਜੂਨ 2023**